# 2021-22 ਸਾਉਣੀ ਮੌਸਮ ਦੌਰਾਨ ਅਨਾਜ ਫ਼ਸਲਾਂ ਵਿੱਚ ਖੇਤੀ ਦੀ ਲਾਗਤ 'ਤੇ ਝੋਨੇ ਦੀ ਸਭ ਤੋਂ ਵੱਧ ਕੁੱਲ ਆਮਦਨ

ਭਾਰਤ ਵਿੱਚ 2021-22 ਸਾਉਣੀ ਮੰਡੀਕਰਨ ਮੌਸਮ ਦੌਰਾਨ ਅਨਾਜ ਫ਼ਸਲਾਂ ਲਈ ਕਾਸ਼ਤ ਦੀ ਲਾਗਤ ਉੱਤੇ ਝੋਨੇ ਦੀ ਸਭ ਤੋਂ ਵੱਧ ਔਸਤ ਕੁੱਲ ਆਮਦਨ ਸੀ। ਖੇਤੀ ਲਾਗਤਾਂ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਦੀ ਗਣਨਾ ਦੇ ਅਨੁਸਾਰ, 2021-22 ਨੂੰ ਖਤਮ ਹੋਈ ਤਿੰਨ-ਸਾਲਾ ਮਿਆਦ ਦੌਰਾਨ ਖੇਤੀ ਦੀ ਏ2 (ਯਾਨੀ ਅਸਲ ਅਦਾ ਕੀਤੀ ਲਾਗਤ) ਅਤੇ ਏ2+ਐਫਐਲ (ਯਾਨੀ ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦੇ ਮੁੱਲ) ਉੱਤੇ ਝੋਨੇ ਦੀ ਔਸਤ ਕੁੱਲ ਆਮਦਨ ਕ੍ਰਮਵਾਰ 35,919 ਰੁਪਏ ਪ੍ਰਤੀ ਹੈਕਟੇਅਰ ਜਾਂ 14,367.6 ਰੁਪਏ ਪ੍ਰਤੀ ਏਕੜ (1 ਹੈਕਟੇਅਰ = 2.5 ਏਕੜ) ਅਤੇ 24,395 ਰੁਪਏ ਪ੍ਰਤੀ ਹੈਕਟੇਅਰ (9,398 ਰੁਪਏ ਪ੍ਰਤੀ ਏਕੜ) ਸੀ।

ਆਪਣੀ 'ਸਾਉਣੀ ਦੀਆਂ ਫ਼ਸਲਾਂ ਲਈ ਮੁੱਲ ਨੀਤੀ: ਮੰਡੀਕਰਨ ਮੌਸਮ 2023-24' ਵਿੱਚ, ਸੀ ਏ ਸੀ ਪੀ ਨੇ ਕਿਹਾ ਕਿ 2021-22 ਸਾਉਣੀ ਮੰਡੀਕਰਨ ਮੌਸਮ ਦੌਰਾਨ ਖੇਤੀ ਦੀਆਂ ਲਾਗਤਾਂ ਏ2 ਅਤੇ ਏ2+ਐਫਐਲ ਉੱਤੇ ਝੋਨੇ ਦਾ ਸਕਲ ਆਮਦਨ ਪੰਜਾਬ ਵਿੱਚ ਸਭ ਤੋਂ ਵੱਧ ਸੀ ਜਿਹੜੀ ਕਿ ਕ੍ਰਮਵਾਰ 88,287 ਰੁਪਏ ਪ੍ਰਤੀ ਹੈਕਟੇਅਰ ਅਤੇ 82,037 ਰੁਪਏ ਪ੍ਰਤੀ ਹੈਕਟੇਅਰ ਸੀ।

ਝੋਨੇ ਦੀ ਖੇਤੀ ਲਈ ਏ2 ਅਤੇ ਏ2+ਐਫਐਲ ਲਾਗਤਾਂ ਉੱਤੇ ਸਕਲ ਆਮਦਨ ਝਾਰਖੰਡ ਅਤੇ ਪੱਛਮ ਬੰਗਾਲ ਲਈ ਸਭ ਤੋਂ ਘੱਟ ਸੀ ਜਿਹੜੀ ਕਿ ਕ੍ਰਮਵਾਰ 18,053 ਰੁਪਏ ਪ੍ਰਤੀ ਹੈਕਟੇਅਰ ਅਚੇ 2,357 ਰੁਪਏ ਪ੍ਰਤੀ ਹੈਕਟੇਅਰ ਸੀ।

2021-22 ਨੂੰ ਖਤਮ ਹੋਈ ਤਿੰਨ-ਸਾਲਾ ਮਿਆਦ ਦੌਰਾਨ ਝੋਨੇ ਦੀ ਖੇਤੀ ਦੀਆਂ ਲਾਗਤਾਂ ਏ2 ਅਤੇ ਏ2+ਐਫਐਲ ਉੱਤੇ ਮਹਾਰਾਸ਼ਟਰ ਦੇ ਕਿਸਾਨਾਂ ਨੂੰ ਕ੍ਰਮਵਾਰ 13,618 ਰੁਪਏ ਪ੍ਰਤੀ ਹੈਕਟੇਅਰ ਅਤੇ 25,344 ਰੁਪਏ ਪ੍ਰਤੀ ਹੈਕਟੇਅਰ ਦਾ ਸ਼ੁੱਧ ਨੁਕਸਾਨ ਹੋਇਆ।

ਜਵਾਰ ਵਿੱਚ, ਏ2 ਅਤੇ ਏ2+ਐਫਐਲ ਲਾਗਤਾਂ ਉੱਤੇ ਪ੍ਰਤੀ ਹੈਕਟੇਅਰ ਸਕਲ ਆਮਦਨ ਸਭ ਤੋਂ ਵੱਧ ਆਂਧਰਾ ਪ੍ਰਦੇਸ਼ ਦੇ ਲਈ ਕ੍ਰਮਵਾਰ 47,100 ਰੁਪਏ ਅਤੇ 43,692 ਰੁਪਏ ਸੀ, ਜਿਸਦਾ ਮੁੱਖ ਕਾਰਨ ਵੱਧ ਪੈਦਾਵਾਰ ਸੀ।

ਜਵਾਰ ਵਿੱਚ, ਏ2 ਲਾਗਤ ਉੱਤੇ ਸਭ ਤੋਂ ਘੱਟ ਸਕਲ ਪ੍ਰਾਪਤੀ ਰਾਜਸਥਾਨ (14,151 ਰੁਪਏ ਪ੍ਰਤੀ ਹੈਕਟੇਅਰ) ਦੇ ਲਈ ਸੀ। ਏ2+ਐਫਐਲ ਲਾਗਤ ਉੱਤੇ ਸਭ ਤੋਂ ਘੱਟ ਸਕਲ ਆਮਦਨ ਮਹਾਰਾਸ਼ਟਰ (7,019 ਰੁਪਏ ਪ੍ਰਤੀ ਹੈਕਟੇਅਰ) ਦੇ

ਲਈ ਸੀ। ਏ2+ਐਫਐਲ ਲਾਗਤ ਲਾਗਤ ਉੱਤੇ ਰਾਜਸਥਾਨ ਦੇ ਕਿਸਾਨਾਂ ਦਾ ਜਵਾਰ ਦੀ ਖੇਤੀ ਉੱਤੇ 5,597 ਰੁਪਏ ਪ੍ਰਤੀ ਹੈਕਟੇਅਰ ਦਾ ਸ਼ੁੱਧ ਨੁਕਸਾਨ ਹੋਇਆ।

ਵੱਧ ਪੈਦਾਵਾਰ ਕਰਕੇ, ਬਾਜਰੇ ਵਿੱਚ ਏ2 ਅਤੇ ਏ2+ਐਫਐਲ ਲਾਗਤਾਂ ਉੱਤੇ ਪ੍ਰਤੀ ਹੈਕਟੇਅਰ ਸਕਲ ਆਮਦਨ ਸਭ ਤੋਂ ਵੱਧ ਗੁਜਰਾਤ ਦੇ ਲਈ ਕ੍ਰਮਵਾਰ 40,735 ਰੁਪਏ ਅਤੇ 29,107 ਰੁਪਏ ਸੀ। ਬਾਜਰੇ ਵਿੱਚ ਏ2 ਅਤੇ ਏ2+ਐਫਐਲ ਲਾਗਤਾਂ ਉੱਤੇ ਸਭ ਤੋਂ ਘੱਟ ਸਕਲ ਆਮਦਨ ਮਹਾਰਾਸ਼ਟਰ ਅਤੇ ਰਾਜਸਥਾਨ ਦੇ ਲਈ ਕ੍ਰਮਵਾਰ 18,047 ਰੁਪਏ ਪ੍ਰਤੀ ਹੈਕਟੇਅਰ ਅਤੇ 5,278 ਰੁਪਏ ਪ੍ਰਤੀ ਹੈਕਟੇਅਰ ਸੀ।

ਮੱਕੀ ਵਿੱਚ ਏ2 ਅਤੇ ਏ2+ਐਫਐਲ ਲਾਗਤਾਂ ਉੱਤੇ ਪ੍ਰਤੀ ਹੈਕਟੇਅਰ ਸਭ ਤੋਂ ਵੱਧ ਸਕਲ ਆਮਦਨ ਕ੍ਰਮਵਾਰ ਆਂਧਰਾ ਪ੍ਰਦੇਸ਼ ਵਿੱਚ 61,251 ਰੁਪਏ ਅਤੇ 56,811 ਰੁਪਏ ਸੀ, ਜਿਸਦਾ ਮੁੱਖ ਕਾਰਨ ਕਾਫੀ ਵੱਧ ਪੈਦਾਵਾਰ ਸੀ। ਮੱਕੀ ਵਿੱਚ ਏ2+ਐਫਐਲ ਲਾਗਤਾਂ ਉੱਤੇ ਸਭ ਤੋਂ ਘੱਟ ਸਕਲ ਆਮਦਨ ਪੰਜਾਬ ਅਤੇ ਰਾਜਸਥਾਨ ਦੇ ਲਈ ਕ੍ਰਮਵਾਰ 13,258 ਰੁਪਏ ਪ੍ਰਤੀ ਹੈਕਟੇਅਰ ਅਤੇ 2,387 ਰੁਪਏ ਪ੍ਰਤੀ ਹੈਕਟੇਅਰ ਸੀ। ਏ2+ਐਫਐਲ ਲਾਗਤ ਉੱਤੇ ਓਡਿਸ਼ਾ ਦੇ ਕਿਸਾਨਾਂ ਨੂੰ ਮੱਕੀ ਦੀ ਖੇਤੀ ਉੱਤੇ 922 ਰੁਪਏ ਪ੍ਰਤੀ ਹੈਕਟੇਅਰ ਦਾ ਸ਼ੁੱਧ ਨੁਕਸਾਨ ਹੋਇਆ।

ਰਾਗੀ ਲਈ ਏ2 ਲਾਗਤਾ ਉੱਤੇ ਸਕਲ ਆਮਦਨ ਕਰਨਾਟਕ (18,641 ਰੁਪਏ ਪ੍ਰਤੀ ਹੈਕਟੇਅਰ) ਲਈ ਸਭ ਤੋਂ ਵੱਧ ਅਤੇ ਸਭ ਤੋਂ ਘੱਟ ਓਡਿਸ਼ਾ (11,061 ਰੁਪਏ ਪ੍ਰਤੀ ਹੈਕਟੇਅਰ) ਦੇ ਲਈ ਸੀ। ਇਸ ਫ਼ਸਲ ਦੀ ਏ2+ਐਫਐਲ ਲਾਗਤ ਉੱਤੇ ਸਭ ਤੋਂ ਵੱਧ ਸਕਲ ਆਮਦਨ ਤਮਿਲਨਾਡੂ (5,525 ਰੁਪਏ ਪ੍ਰਤੀ ਹੈਕਟੇਅਰ) ਅਤੇ ਸਭ ਤੋਂ ਘੱਟ ਕਰਨਾਟਕ (2,773 ਰੁਪਏ ਪ੍ਰਤੀ ਹੈਕਟੇਅਰ) ਵਿੱਚ ਸੀ। ਓਡਿਸ਼ਾ ਵਿੱਚ ਰਾਗੀ ਲਾਉਣ ਵਾਲੇ ਕਿਸਾਨਾਂ ਨੂੰ ਏ2+ਐਫਐਲ ਲਾਗਤ ਉੱਤੇ ਪ੍ਰਤੀ ਹੈਕਟੇਅਰ 6,412 ਰੁਪਏ ਦਾ ਔਸਤ ਨੁਕਸਾਨ ਹੋਇਆ।

**ਸਾਉਣੀ ਦੀਆਂ ਫ਼ਸਲਾਂ ਦੀ ਅਸਲ ਅਦਾ ਕੀਤੀ ਲਾਗਤ ਉੱਤੇ ਕੁੱਲ-ਭਾਰਤ ਔਸਤ ਕੁੱਲ ਆਮਦਨ (2019-20 ਤੋਂ 2021-22 ਤੱਕ ਔਸਤ)**

| ਫ਼ਸਲ | ਅਸਲ ਅਦਾ ਕੀਤੀ ਲਾਗਤ | ਪੈਦਾਵਾਰ ਦਾ ਕੁੱਲ ਮੁੱਲ | ਅਸਲ ਅਦਾ ਕੀਤੀ ਲਾਗਤ ਉੱਤੇ ਕੁੱਲ ਆਮਦਨ | |
|---|---|---|---|---|
| | ਰੁਪਏ ਪ੍ਰਤੀ ਹੈਕਟੇਅਰ | | ਰੁਪਏ ਪ੍ਰਤੀ ਹੈਕਟੇਅਰ (ਕਾਲਮ 3-ਕਾਲਮ 2) | ਫ਼ੀਸਦੀ (ਕਾਲਮ 4/ਕਾਲਮ ˙100) |
| ਕਾਲਮ 1 | ਕਾਲਮ 2 | ਕਾਲਮ 3 | ਕਾਲਮ 4 | ਕਾਲਮ 5 |

| | | | | |
|---|---|---|---|---|
| ਝੋਨਾ | 43,990 | 79,310 | 35,919 | 82.8% |
| ਜਵਾਰ | 27,525 | 44,592 | 17,067 | 62% |
| ਬਾਜਰਾ | 19,028 | 41,087 | 22,059 | 115.9% |
| ਮੱਕੀ | 37,498 | 68,212 | 30,714 | 81.9% |
| ਰਾਗੀ | 39,443 | 57,401 | 17,598 | 45.5% |

**ਸਰੋਤ:** ਸੀ ਏ ਸੀ ਪੀ ਗਣਨਾ ਵਿਆਪਕ ਯੋਜਨਾ 'ਤੇ ਆਧਾਰਿਤ

**ਟਿੱਪਣੀ 1:** ਅੰਕੜੇ ਨਾ ਮਿਲਣ ਕਰਕੇ, ਔਸਤ ਕੁੱਲ ਆਮਦਨ 2019-20 ਅਤੇ 2021-22 ਦੌਰਾਨ ਮੱਧ ਪ੍ਰਦੇਸ਼ ਵਿੱਚ ਜਵਾਰ ਲਈ ਅਤੇ 2019-20 ਦੌਰਾਨ ਤਮਿਲਨਾਡੂ ਵਿੱਚ ਰਾਗੀ ਲਈ ਹੈ

**ਟਿੱਪਣੀ 2:** ਕੁੱਲ ਭਾਰਤ ਖੇਤੀ ਦੀ ਲਾਗਤ, ਪੈਦਾਵਾਰ ਦਾ ਕੁੱਲ ਮੁੱਲ ਅਤੇ ਸਕਲ ਆਮਦਨ ਸਬੰਧਤ ਰਾਜਾਂ ਵਿੱਚ ਮਿੱਥੀ ਹੋਈ ਫ਼ਸਲ ਦੀ ਖੇਤੀ ਦੀ ਲਾਗਤ, ਪੈਦਾਵਾਰ ਦਾ ਕੁੱਲ ਮੁੱਲ ਅਤੇ ਸਕਲ ਆਮਦਨ ਦੀ ਔਸਤ ਹੈ

**ਸਾਉਣੀ ਦੀਆਂ ਫ਼ਸਲਾਂ ਦੀ ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦੇ ਮੁੱਲ ਉੱਤੇ ਕੁੱਲ-ਭਾਰਤ ਔਸਤ ਕੁੱਲ ਆਮਦਨ (2019-20 ਤੋਂ 2021-22 ਤੱਕ ਔਸਤ)**

| **ਫ਼ਸਲ** | **ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ** | **ਪੈਦਾਵਾਰ ਦਾ ਕੁੱਲ ਮੁੱਲ** | **ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ ਉੱਤੇ ਕੁੱਲ ਆਮਦਨ** | |
|---|---|---|---|---|
| | **ਰੁਪਏ ਪ੍ਰਤੀ ਹੈਕਟੇਅਰ** | | **ਰੁਪਏ ਪ੍ਰਤੀ ਹੈਕਟੇਅਰ (ਕਾਲਮ 3-ਕਾਲਮ 2)** | **ਫ਼ੀਸਦੀ (ਕਾਲਮ 4/ਕਾਲਮ *100)** |
| ਕਾਲਮ 1 | ਕਾਲਮ 2 | ਕਾਲਮ 3 | ਕਾਲਮ 4 | ਕਾਲਮ 5 |
| ਝੋਨਾ | 55,815 | 79,310 | 23,495 | 42.1% |
| ਜਵਾਰ | 37,377 | 44,592 | 7,214 | 19.3% |
| ਬਾਜਰਾ | 32,793 | 41,087 | 8,294 | 25.3% |
| ਮੱਕੀ | 47,964 | 68,212 | 20,247 | 42.2% |
| ਰਾਗੀ | 55,124 | 57,401 | 2,277 | 4.1% |

**ਸਰੋਤ:** ਸੀ ਏ ਸੀ ਪੀ ਗਣਨਾ ਵਿਆਪਕ ਯੋਜਨਾ 'ਤੇ ਆਧਾਰਿਤ

**ਟਿੱਪਣੀ 1:** ਅੰਕੜੇ ਨਾ ਮਿਲਣ ਕਰਕੇ, ਔਸਤ ਕੁੱਲ ਆਮਦਨ 2019-20 ਅਤੇ 2021-22 ਦੌਰਾਨ ਮੱਧ ਪ੍ਰਦੇਸ਼ ਵਿੱਚ ਜਵਾਰ ਲਈ ਅਤੇ 2019-20 ਦੌਰਾਨ ਤਮਿਲਨਾਡੂ ਵਿੱਚ ਰਾਗੀ ਲਈ ਹੈ

**ਟਿੱਪਣੀ 2:** ਕੁੱਲ ਭਾਰਤ ਖੇਤੀ ਦੀ ਲਾਗਤ, ਪੈਦਾਵਾਰ ਦਾ ਕੁੱਲ ਮੁੱਲ ਅਤੇ ਸਕਲ ਆਮਦਨ ਸਬੰਧਤ ਰਾਜਾਂ ਵਿੱਚ ਮਿੱਥੀ ਹੋਈ ਫ਼ਸਲ ਦੀ ਖੇਤੀ ਦੀ ਲਾਗਤ, ਪੈਦਾਵਾਰ ਦਾ ਕੁੱਲ ਮੁੱਲ ਅਤੇ ਸਕਲ ਆਮਦਨ ਦੀ ਔਸਤ ਹੈ